# ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਸੰਬੰਧੀ ਇਲਾਜ ਅਤੇ ਸਹਾਇਤਾ ਤੱਕ ਪਹੁੰਚ

Homeless Link

SUPPORTED BY
MAYOR OF LONDON

ਯੂਨਾਇਟੇਡ ਕਿੰਗਡਮ ਦੇ ਬਾਹਰ ਤੋਂ ਬੇਘਰ ਹੋਣ ਦਾ ਅਨੁਭਵ ਕਰਨ ਵਾਲੇ ਲੋਕਾਂ ਲਈ



**ਕੀ ਤੁਹਾਨੂੰ ਸ਼ਰਾਬ ਪੀਣ ਜਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਸਮੱਸਿਆਵਾਂ ਹਨ ਜਿਨ੍ਹਾਂ ਵਿੱਚ ਤੁਸੀਂ ਮਦਦ ਚਾਹੁੰਦੇ ਹੋ?**

**ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਯੂਕੇ ਵਿੱਚ ਕਈ ਕਿਸਮਾਂ ਦੇ ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਸੰਬੰਧੀ ਸਹਾਇਤਾ ਤੱਕ ਮੁਫ਼ਤ ਪਹੁੰਚ ਪ੍ਰਾਪਤ ਕਰ ਸਕਦੇ ਹੋ ਭਾਵੇਂ ਇੱਥੇ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਕੋਈ ਵੀ ਹੋਵੇ?**

## ਇਸ ਸਹਾਇਤਾ ਵਿੱਚ ਸ਼ਾਮਲ ਹਨ:

- **ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਦੀ ਵਧੇਰੇ ਸੁਰੱਖਿਅਤ ਵਰਤੋਂ ਬਾਰੇ ਜਾਣਕਾਰੀ ਅਤੇ ਸਲਾਹ**
- **ਸਿਹਤ ਜਾਂਚਾਂ**
- **ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਸੰਬੰਧੀ ਸਲਾਹ**
- **ਹੈਰੋਇਨ ਅਤੇ ਮੋਰਫਿਨ ਲਈ ਤਜਵੀਜ਼ਸ਼ੁਦਾ ਬਦਲ – ਮੈਥਾਡੋਨ ਜਾਂ ਬਿਊਪ੍ਰੇਨੋਰਫਾਈਨ**

## ਤੁਸੀਂ ਇਸ ਸਹਾਇਤਾ ਤੱਕ ਇਹਨਾਂ ਰਾਹੀਂ ਪਹੁੰਚ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ:

- **ਬੇਘਰ ਹੋਣ ਦਾ ਅਨੁਭਵ ਕਰ ਰਹੇ ਲੋਕਾਂ ਲਈ ਇੱਕ ਮਾਹਰ ਨਸ਼ੀਲੇ ਪਦਾਰਥਾਂ ਅਤੇ ਸ਼ਰਾਬ ਸੰਬੰਧੀ ਸੇਵਾ**
- **ਤੁਹਾਡਾ ਜੀਪੀ – ਇਹ ਫੈਮਿਲੀ ਡਾਕਟਰ ਹੈ ਅਤੇ ਨੈਸ਼ਨਲ ਹੈਲਥ ਸਰਵਿਸ ਦੇ ਇਲਾਜ ਲਈ ਸੰਪਰਕ ਦਾ ਪਹਿਲਾ ਬਿੰਦੂ ਹੈ**
- **ਡੇਅ ਸੈਂਟਰ ਜਾਂ ਹੋਰ ਸਥਾਨਾਂ 'ਤੇ ਇੱਕ ਪ੍ਰਾਇਮਰੀ ਕੇਅਰ ਨਰਸ**

**ਯੂਕੇ ਵਿੱਚ ਰਹਿਣ ਵਾਲਾ ਕੋਈ ਵੀ ਵਿਅਕਤੀ ਇੱਕ ਜੀਪੀ ਕੋਲ ਮੁਫ਼ਤ ਵਿੱਚ ਰਜਿਸਟਰ ਕਰ ਸਕਦਾ ਹੈ। ਅਜਿਹਾ ਕਰਨ ਲਈ ਤੁਹਾਨੂੰ ਆਈਡੀ ਦਿਖਾਉਣ ਜਾਂ ਰਿਹਾਇਸ਼ ਦਾ ਸਬੂਤ ਦੇਣ ਦੀ ਲੋੜ ਨਹੀਂ ਹੈ।**

**ਜੇ ਤੁਹਾਨੂੰ ਲੋੜ ਹੋਵੇ ਤਾਂ ਤੁਸੀਂ ਇਹਨਾਂ ਸੇਵਾਵਾਂ ਤੋਂ ਭਾਸ਼ਾ/ਅਨੁਵਾਦ ਸਹਾਇਤਾ ਦੀ ਮੰਗ ਵੀ ਕਰ ਸਕਦੇ ਹੋ।**

## ਜੇ ਤੁਸੀਂ:

- ਕਿਸੇ EEA ਦੇਸ਼ ਤੋਂ ਹੋ ਅਤੇ ਤੁਹਾਡਾ ਯੂਕੇ ਵਿੱਚ ਸੈਟਲ ਜਾਂ ਪ੍ਰੀ-ਸੈਟਲ ਸਟੇਟਸ ਹੈ (ਜਾਂ ਤੁਸੀਂ ਇਸ ਸਟੇਟਸ ਲਈ ਅਰਜ਼ੀ ਦੇ ਰਹੇ ਹੋ)
- ਇੱਕ ਸ਼ਰਣਾਰਥੀ ਹੋ
- ਇੱਕ ਸ਼ਰਣ ਮੰਗਣ ਵਾਲੇ ਹੋ
- ਮਨ੍ਹਾਂ ਕਰ ਦਿੱਤੀ ਗਈ ਸ਼ਰਣ ਮੰਗਣ ਵਾਲੇ ਹੋ ਜਿਸ ਨੂੰ ਹੋਮ ਆਫਿਸ ਜਾਂ ਸਥਾਨਕ ਅਥਾਰਟੀ ਤੋਂ ਸਹਾਇਤਾ ਮਿਲ ਰਹੀ ਹੈ
- ਤੁਹਾਡੇ ਕੋਲ ਯੂਕੇ ਵਿੱਚ ਰਹਿਣ ਲਈ ਅਣਮਿੱਥੇ ਸਮੇਂ ਦੀ ਇਜਾਜ਼ਤ ਹੈ

## ਤੁਸੀਂ ਇਹਨਾਂ ਤੱਕ ਮੁਫ਼ਤ ਪਹੁੰਚ ਵੀ ਪ੍ਰਾਪਤ ਕਰ ਸਕਦੇ ਹੋ:

- ਇਨਪੇਸ਼ੈਂਟ ਡੀਟੌਕਸ (Inpatient Detox), ਉਦਾਹਰਨ ਲਈ ਕਿਸੇ ਹਸਪਤਾਲ ਜਾਂ ਹੋਰ ਕਲੀਨਿਕ ਵਿੱਚ ਨਸ਼ੀਲੇ ਪਦਾਰਥਾਂ ਜਾਂ ਸ਼ਰਾਬ ਨੂੰ ਨਿਗਰਾਨੀ ਅਧੀਨ ਛੱਡਣਾ
- ਰਿਹਾਇਸ਼ੀ ਪੁਨਰਵਾਸ, ਉਦਾਹਰਨ ਲਈ ਸ਼ਰਾਬ ਜਾਂ ਨਸ਼ੀਲੇ ਪਦਾਰਥਾਂ ਸੰਬੰਧੀ ਇਲਾਜ ਅਤੇ ਮਨੋਵਿਗਿਆਨਕ ਸਹਾਇਤਾ

**ਤੁਹਾਨੂੰ ਯੂਕੇ ਵਿੱਚ ਤੁਹਾਡੀ ਰਿਹਾਇਸ਼ ਦੇ ਅਧਿਕਾਰ ਅਤੇ ਮੁਫ਼ਤ ਇਲਾਜ ਦੇ ਤੁਹਾਡੇ ਅਧਿਕਾਰ ਨੂੰ ਸਾਬਤ ਕਰਨ ਲਈ ਕਿਹਾ ਜਾ ਸਕਦਾ ਹੈ।**

**ਜੇ ਤੁਹਾਨੂੰ ਹੋਰ ਮਦਦ ਚਾਹੀਦੀ ਹੈ ਤਾਂ ਆਪਣੇ ਸਹਾਇਤਾ ਵਰਕਰ ਨੂੰ ਪੁੱਛੋ।**

**ਅਸੀਂ ਕੀ ਕਰਦੇ ਹਾਂ**

ਹੋਮਲੈਸ ਲਿੰਕ, ਫਰੰਟਲਾਈਨ ਬੇਘਰਤਾ ਸੇਵਾਵਾਂ ਲਈ ਰਾਸ਼ਟਰੀ ਮੈਂਬਰਸ਼ਿਪ ਚੈਰਿਟੀ ਹੈ। ਅਸੀਂ ਖੋਜ, ਮਾਰਗਦਰਸ਼ਨ ਅਤੇ ਸਿੱਖਣ ਰਾਹੀਂ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਕੰਮ ਕਰਦੇ ਹਾਂ ਅਤੇ ਨੀਤੀ ਵਿੱਚ ਅਜਿਹੀ ਤਬਦੀਲੀ ਲਈ ਮੁਹਿੰਮ ਚਲਾਉਂਦੇ ਹਾਂ ਜਿਸ ਨਾਲ ਇਹ ਯਕੀਨੀ ਬਣੇਗਾ ਕਿ ਹਰ ਕਿਸੇ ਕੋਲ ਅਜਿਹੀ ਜਗ੍ਹਾ ਹੋਵੇ ਜਿਸ ਨੂੰ ਉਹ ਘਰ ਕਹਿ ਸਕੇ ਅਤੇ ਇਸ ਨੂੰ ਰੱਖਣ ਲਈ ਲੋੜੀਂਦਾ ਸਮਰਥਨ ਹੋਵੇ।

Homeless Link

Minories House
2-5 Minories
London
EC3N 1BJ
www.homeless.org.uk
@HomelessLink

ਹੋਮਲੈਸ ਲਿੰਕ 2023. ਸਭ ਹੱਕ ਰਾਖਵੇਂ ਹਨ।

ਹੋਮਲੈਸ ਲਿੰਕ ਇੱਕ ਚੈਰਿਟੀ, ਨੰਬਰ 1089173 ਅਤੇ ਇੱਕ ਕੰਪਨੀ, ਨੰਬਰ 04313826 ਹੈ